# Barnebøker for Norge

barneboker.no

## ਜਿਸ ਦਿਨ ਮੈਂ ਸ਼ਹਿਰ ਲਈ ਘਰ ਛੱਡਿਆ


Skrevet av: Lesley Koyi, Ursula Nafula
Illustret av: Brian Wambi
Oversatt av: Anu Gill


Denne fortellingen kommer fra African Storybook (africanstorybook.org) og er videreformidlet av Barnebøker for Norge (barneboker.no), som tilbyr barnebøker på mange språk som snakkes i Norge.


Dette verket er lisensiert under en Creative Commons Navngivelse 4.0 Internasjonal Lisens.
https://creativecommons.org/licenses/by/4.0/deed.no


# ਜਿਸ ਦਿਨ ਮੈਂ ਸ਼ਹਿਰ ਲਈ ਘਰ ਛੱਡਿਆ

Lesley Koyi, Ursula Nafula
Brian Wambi
Anu Gill
panjabi
nivå 3

(uten bilder)

ਮੇਰੇ ਪਿੰਡ ਦਾ ਛੋਟਾ ਬੱਸ ਸਟਾਪ ਲੋਕਾਂ ਅਤੇ ਓਵਰਲੋਡ ਬੱਸਾਂ ਨਾਲ ਰੁੱਝਿਆ ਹੋਇਆ ਸੀ। ਜ਼ਮੀਨ ਤੇ ਹੋਰ ਵੀ ਚੀਜ਼ਾਂ ਲੋਡ ਕਰਨ ਵਾਲੀਆਂ ਪਈਆਂ ਸਨ। ਟਾਊਟ ਰੌਲਾ ਪਾ ਕੇ ਬੱਸਾਂ ਕਿੱਥੇ ਜਾ ਰਹੀਆਂ ਹਨ ਦੱਸ ਰਹੇ ਸਨ।

“ਸ਼ਹਿਰ! ਸ਼ਹਿਰ! ਪੱਛਮ ਵੱਲ!” ਮੈਂ ਇੱਕ ਟਾਊਟ ਰੋਲਾ ਪਾਉਂਦਾ ਸੁਣਿਆ। ਮੈਨੂੰ ਉਹ ਬੱਸ ਫੜਨ ਦੀ ਲੋੜ ਸੀ।

ਸ਼ਹਿਰ ਵੱਲ ਦੀ ਬੱਸ ਲਗਭਗ ਭਰੀ ਹੋਈ ਸੀ, ਪਰ ਹੋਰ ਲੋਕ ਅਜੇ ਵੀ ਚੜਣ ਲਈ ਧੱਕੇ ਦੇ ਰਹੇ ਸਨ। ਕੁਝ ਲੋਕਾਂ ਨੇ ਬੱਸ ਦੇ ਥੱਲੇ ਆਪਣਾ ਸਾਮਾਨ ਰੱਖਿਆ ਅਤੇ ਹੋਰਾਂ ਨੇ ਅੰਦਰ ਸ਼ੈਲਫਾਂ ਤੇ ਸਮਾਨ ਟਕਾਇਆ।



ਵਾਪਸੀ ਵਾਲੀ ਬੱਸ ਜਲਦੀ ਭਰ ਗਈ। ਜਲਦੀ ਇਹ ਬੱਸ ਵਾਪਸ ਪੂਰਬ ਵੱਲ ਜਾਵੇਗੀ। ਹੁਣ ਮੇਰੇ ਲਈ ਸਭ ਤੋਂ ਮਹੱਤਵਪੂਰਨ ਗੱਲ ਮੇਰੇ ਚਾਚੇ ਦੇ ਘਰ ਦੀ ਤਲਾਸ਼ ਸ਼ੁਰੂ ਕਰਨ ਵਾਲੀ ਸੀ।

ਨੌਂ ਘੰਟੇ ਬਾਅਦ, ਉੱਚੇ ਖੜਕੇ ਅਤੇ ਪਿੰਡ ਨੂੰ ਵਾਪਸ ਜਾ ਰਹੇ ਯਾਤਰੀਆਂ ਲਈ ਹਾਕਾਂ ਨਾਲ ਮੇਰੀ ਅੱਖ ਖੁਲ ਗਈ। ਮੈਂ ਆਪਣੇ ਛੋਟੇ ਬੈਗ ਨੂੰ ਫੜ੍ਹਿਆ ਅਤੇ ਬੱਸ ਦੇ ਬਾਹਰ ਛਾਲ ਮਾਰੀ।



ਨਵੇਂ ਯਾਤਰੀ ਹੱਥਾਂ ਵਿੱਚ ਟਿਕਟਾਂ ਫ਼ੜੀ, ਭੀੜੀ ਬੱਸ ਵਿਚ ਬੈਠਣ ਲਈ ਜਗ੍ਹਾ ਲੱਭ ਰਹੇ ਸਨ। ਮਹਿਲਾਵਾਂ ਆਪਣੇ ਨੌਜਵਾਨ ਬੱਚਿਆਂ ਨੂੰ ਲੰਬੇ ਸਫ਼ਰ ਲਈ ਸੁਖਮਈ ਬਣਾ ਰਹੀਆਂ ਸਨ।

ਮੈਂ ਇੱਕ ਖਿੜਕੀ ਨਾਲ ਕੁਚਲ ਕੇ ਬੈਠ ਗਿਆ। ਮੇਰੇ ਨਾਲ ਇੱਕ ਵਿਅਕਤੀ ਹਰੇ ਪਲਾਸਟਿਕ ਬੈਗ ਨੂੰ ਘੁੱਟ ਕੇ ਫੜੀ ਬੈਠਾ ਸੀ। ਉਸ ਨੇ ਪੁਰਾਣੀ ਜੁੱਤੀ ਅਤੇ ਘਸਿਆ ਕੋਟ ਪਾਇਆ ਹੋਇਆ ਸੀ ਅਤੇ ਉਹ ਘਬਰਾਇਆ ਹੋਇਆ ਦਿੱਖ ਰਿਹਾ ਸੀ।



ਰਸਤੇ ਵਿੱਚ, ਮੈਂ ਉਸ ਜਗ੍ਹਾ ਦਾ ਨਾਮ ਯਾਦ ਕਰ ਰਿਹਾ ਸੀ ਜਿੱਥੇ ਮੇਰੇ ਚਾਚਾ ਜੀ ਵੱਡੇ ਸ਼ਹਿਰ ਵਿਚ ਰਹਿੰਦੇ ਸਨ। ਮੈਂ ਅਜੇ ਵੀ ਬੁੜ-ਬੜ੍ਹਾ ਰਿਹਾ ਸੀ ਜਦ ਮੈਨੂੰ ਨੀਂਦ ਆ ਗਈ।

ਪਰ ਮੇਰਾ ਮਨ ਵਾਪਸ ਘਰ ਵੱਲ ਗਿਆ। ਕੀ ਮੇਰੀ ਮਾਂ ਸੁਰੱਖਿਅਤ ਰਹੇਗੀ? ਕੀ ਮੇਰੇ ਖਰਗੋਸ਼ ਕੋਈ ਪੈਸਾ ਪ੍ਰਾਪਤ ਕਰਨਗੇ? ਕੀ ਮੇਰਾ ਭਰਾ ਮੇਰੇ ਰੁੱਖਾਂ ਦੇ ਬੂਟਿਆਂ ਨੂੰ ਪਾਣੀ ਦੇਣਾ ਯਾਦ ਰੱਖੇਗਾ?



ਮੈਂ ਬੱਸ ਤੋਂ ਬਾਹਰ ਵੇਖ ਕੇ ਸੋਚਿਆ ਕਿ ਮੈਂ ਆਪਣਾ ਪਿੰਡ ਛੱਡ ਕੇ ਚਲਿਆ ਸੀ, ਜਿੱਥੇ ਮੈਂ ਵੱਡਾ ਹੋਇਆ ਸੀ। ਮੈਂ ਵੱਡੇ ਸ਼ਹਿਰ ਨੂੰ ਜਾ ਰਿਹਾ ਸੀ।

ਲੋਡਿੰਗ ਪੂਰੀ ਹੋ ਗਈ ਸੀ ਅਤੇ ਸਾਰੇ ਯਾਤਰੀ ਬੈਠ ਗਏ ਸਨ। ਵਪਾਰੀ ਹਾਲੇ ਵੀ ਯਾਤਰੀਆਂ ਨੂੰ ਆਪਣਾ ਮਾਲ ਵੇਚਣ ਲਈ ਅੰਦਰ ਘੁਸ ਰਹੇ ਸਨ। ਹਰ ਇੱਕ ਵਪਾਰੀ ਉਪਲਬਧ ਸਮਾਨ ਦਾ ਨਾਮ ਲੈ ਕੇ ਹੋਕਾ ਦੇ ਰਿਹਾ ਸੀ। ਮੈਨੂੰ ਉਹਨਾਂ ਦੇ ਸ਼ਬਦ ਹਸਾਉਣ ਵਾਲੇ ਲਗੇ।



ਸਫ਼ਰ ਦੇ ਵਾਧੇ ਨਾਲ, ਬੱਸ ਦੇ ਅੰਦਰ ਬਹੁਤ ਗਰਮੀ ਹੋ ਗਈ ਸੀ। ਸੌਣ ਦੀ ਉਮੀਦ ਵਿੱਚ, ਮੈਂ ਆਪਣੀਆਂ ਅੱਖਾਂ ਨੂੰ ਬੰਦ ਕੀਤਾ।

ਜਿਉਂ ਹੀ ਸਟਾਪ ਤੋਂ ਬੱਸ ਤੁਰੀ, ਮੈਂ ਖਿੜਕੀ ਦੇ ਬਾਹਰ ਤਾੜ ਰਿਹਾ ਸੀ। ਮੈਂ ਸੋਚਿਆ ਜੇ ਮੈਂ ਕਦੇ ਮੁੜ ਕੇ ਵਾਪਸ ਮੇਰੇ ਪਿੰਡ ਵੱਲ ਆਵਾਂਗਾ।



ਕੁਝ ਯਾਤਰੀਆਂ ਨੇ ਪੀਣ ਨੂੰ ਖਰੀਦਿਆ, ਹੋਰਾਂ ਨੇ ਛੋਟੇ ਸਨੈਕਸ ਖਰੀਦੇ ਅਤੇ ਚੱਬਣ ਲਗ ਪਏ। ਮੇਰੇ ਵਰਗੇ, ਜਿੰਨ੍ਹਾਂ ਕੋਲ ਪੈਸੇ ਨਹੀਂ ਸਨ ਦੇਖਦੇ ਹੀ ਰਹੇ।

ਇਹ ਸਾਰੇ ਕੰਮ ਬੱਸ ਦੀ ਹੂਟ ਨਾਲ ਰੁੱਕ ਗਏ ਜਿਸ ਦਾ ਮਤਲਬ ਸੀ ਕਿ ਬੱਸ ਚਲਣ ਵਾਲੀ ਹੈ। ਟਾਊਟਾਂ ਨੇ ਵਪਾਰੀਆਂ ਨੂੰ ਬਾਹਰ ਜਾਣ ਲਈ ਅਵਾਜ਼ ਦਿੱਤੀ।



ਵਪਾਰੀ ਬੱਸ ਦੇ ਬਾਹਰ ਜਾਣ ਲਈ ਇੱਕ-ਦੂਜੇ ਨੂੰ ਧੱਕੇ ਦੇ ਰਹੇ ਸੀ। ਕੁਝ ਯਾਤਰੀਆਂ ਨੂੰ ਭਾਨ ਵਾਪਸ ਦੇ ਰਹੇ ਸਨ। ਹੋਰ ਆਖਰੀ ਮਿੰਟ ਵਿੱਚ ਹੋਰ ਸਮਾਨ ਵੇਚਣ ਦੀ ਕੋਸ਼ਿਸ਼ ਕਰ ਰਹੇ ਸਨ।